## ਇਕਵਿੰਦਰ ਸਿੰਘ ਦੀ ਗ਼ਜ਼ਲ ਰਚਨਾਂ ਵਿੱਚ ਸਮਕਾਲੀ ਸਰੋਕਾਰ

***ਜਸਮੀਤ ਕੌਰ**

ਪੰਜਾਬੀ ਸਾਹਿਤ ਵਿੱਚ ਸਭ ਤੋਂ ਪਹਿਲਾ ਕਾਵਿ ਰੂਪ ਨੇ ਜਨਮ ਲਿਆ ਹੈ।ਕਾਵਿ ਆਪਣੇ ਅਨੇਕਾਂ ਉਪ-ਰੂਪਾਕਾਰਾਂ ਰਾਹੀ ਸਿਰਜਨਾਤਮਕ ਸਫਰ ਤੈਅ ਕਰਦਾ ਹੈ।ਗ਼ਜ਼ਲ ਕਾਵਿ ਦਾ ਅਜਿਹਾ ਰੁਪਾਕਾਰ ਹੈ ਜਿਸ ਵਿੱਚ ਇੱਕ ਪਾਸੇ ਕਾਵਿ ਸ਼ਾਸ਼ਤਰੀ ਵਿਧਾਨ ਨੂੰ ਧਿਆਨ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ ਤੇ ਦੂਸਰੇ ਪਾਸੇ ਇਸ ਵਿੱਚ ਸੂਖਮ ਵਿਸ਼ਿਆਂ ਨੂੰ ਪੇਸ਼ ਕੀਤਾ ਜਾਂਦਾ ਹੈ।ਗ਼ਜ਼ਲ ਦੀ ਬਣਤ ਸ਼ਿਅਰਾਂ ਵਿੱਚ ਕਾਇਮ ਹੁੰਦੀ ਹੈ ਅਤੇ ਕੁਝ ਇੱਕ ਸ਼ਿਅਰਾਂ ਵਿੱਚ ਜੀਵਣ ਦੇ ਵਿਸ਼ਾਲ ਅਨੁਭਵ ਨੂੰ ਸੂਖਮਤਾ ਸਹਿਤ ਪੇਸ਼ ਕੀਤਾ ਜਾਂਦਾ ਹੈ।ਇਸ ਕਾਵਿ ਰੂਪ ਨੇ ਆਧੁਨਿਕ ਪੰਜਾਬੀ ਸਾਹਿਤ ਵਿੱਚ ਮਹੱਤਵਪੂਰਨ ਸਥਾਨ ਹਾਸਿਲ ਕਰ ਲਿਆ ਹੈ। ਪਿਛਲੇ ਕੁਝ ਕੁ ਦਹਾਕਿਆਂ ਤੋਂ ਪੰਜਾਬੀ ਗ਼ਜ਼ਲ ਕੇਵਲ ਪੰਜਾਬ ਵਿੱਚ ਹੀ ਨਹੀ ਸਗੋਂ ਵਿਸ਼ਵ ਦੇ ਵਿਭਿੰਨ ਖੇਤਰਾਂ ਅੰਦਰ ਵੀ ਸਿਰਜਨਾਤਮਿਕਤਾ ਦਾ ਮੁੱਖ ਮਾਧਿਅਮ ਬਣੀ ਹੋਈ ਹੈ।ਪਰਵਾਸੀ ਪੰਜਾਬੀ ਗ਼ਜ਼ਲ ਨੇ ਇਸ ਦੌਰ ਵਿੱਚ ਆਪਣੀ ਵੱਖਰੀ ਹੋਂਦ ਸਥਾਪਿਤ ਕਰਨੀ ਸ਼ੁਰੂ ਕਰ ਦਿੱਤੀ ਹੈ।

ਗ਼ਜ਼ਲ ਦਾ ਅੰਦਾਜ਼ ਵੱਖਰਾ ਅਤੇ ਸ਼ਬਦਾਵਲੀ ਸੁਹਜਮਈ ਹੋਣ ਕਰਕੇ ਇਹ ਕਵਿਤਾ ਦੇ ਹੋਰ ਰੁਪਾਂ ਨਾਲੋਂ ਛੇਤੀ ਲੋਕਪ੍ਰਿਯ ਹੁੰਦੀ ਹੈ।ਸੰਗੀਤ ,ਲੈਅ,ਭਾਸ਼ਾ ਦੀ ਮਧੁਰਤਾ,ਸੰਖੇਪਤਾ,ਰਵਾਨਗੀ ਆਦਿ ਤੱਤ ਗ਼ਜ਼ਲ ਦੀ ਪ੍ਰਕਿਰਤੀ ਦੇ ਸਹਿਜ ਅੰਗ ਹਨ।ਗਜ਼ਲ ਦੀ ਖੂਬਸੂਰਤੀ ਨੂੰ 'ਕਿਬਲਾ ਜਾਂ ਨਿਸਾਰ ਅਖਤਰ'ਆਪਣੇ ਕਾਵਿਕ ਸ਼ਿਅਰ ਵਿੱਚ ਲਿਖਦੇ ਹਨ:

**"ਹਮ ਸੇ ਪੂਛੋ ਕਿ ਗ਼ਜ਼ਲ ਕਾ ਫਨ ਕਿਆ,**
**ਚੰਦ ਲਫਜ਼ੋਂ ਮੇਂ ਕੋਈ ਆਗ ਛਿਪੀ ਹੋ ਜੈਸੇ"।**

ਗ਼ਜ਼ਲ ਮੂਲ ਰੂਪ ਵਿੱਚ ਉਰਦੂ -ਫਾਰਸੀ ਸਾਹਿਤ ਦੇ ਪ੍ਰਭਾਵ ਸਦਕਾ ਆਪਣੀ ਹੋਂਦ ਦੀ ਧਾਰਨੀ ਹੈ।ਹੌਲੀ -ਹੌਲੀ ਇਸ ਕਵਿ ਸਿਨਫ ਨੂੰ ਪੰਜਾਬੀ ਸਾਹਿਤਕਾਰਾਂ ਨੇ ਅਪਣਾਇਆ ਤੇ ਨਿਖਾਰ ਲਿਆ ਹੈ। ਆਧੁਨਿਕ ਪੰਜਾਬੀ ਸਾਹਿਤਕਾਰਾਂ ਨੇ ਇਸ ਨੂੰ ਇਸ ਦੇ ਰਵਾਇਤੀ ਸੁਭਾਅ ਤੋਂ ਆਜ਼ਾਦ ਕਰਕੇ ਇਸ ਨੂੰ ਪੰਜਾਬੀ ਸਾਹਿਤ ਦਾ ਨਿਵੇਕਲਾ ਰੂਪ ਬਣਾ ਦਿੱਤਾ ਹੈ।

### ਉਸਤਾਦ ਗ਼ਜ਼ਲਗੋ ਇਕਵਿੰਦਰ ਸਿੰਘ ਢੱਟ

ਆਧੁਨਿਕ ਪੰਜਾਬੀ ਕਾਵਿ -ਰੂਪ 'ਗ਼ਜ਼ਲ' ਦੇ ਰਚਨਾਕਾਰਾਂ ਵਿੱਚ ਇਕਵਿੰਦਰ ਸਿੰਘ ਢੱਟ ਇੱਕ ਵੱਡਾ ਨਾਮ ਹੈ।ਪਹਿਲਾਂ ਇਕਵਿੰਦਰ ਸਿੰਘ ਢੱਟ,ਫਿਰ ਇਕਵਿੰਦਰ ਪੁਰ ਹੀਰਾ ਤੇ ਹੁਣ ਇਕਵਿੰਦਰ ਸਿੰਘ ਦੇ ਨਾਂ ਨਾਲ ਪ੍ਰਸਿੱਧ ਇਕਵਿੰਦਰ ਸਿੰਘ ਉਸਤਾਦ ਗ਼ਜ਼ਲਗੋ ਹੈ। ਉਸ ਨੇ ਪੰਜਾਬ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਗ਼ਜ਼ਲ ਨੂੰ ਸਿਖਰਾਂ ਤੇ ਪਹੁੰਚਾਇਆ ਹੈ।ਗ਼ਜ਼ਲ ਦੇ ਤਕਨੀਕੀ ਪੱਖ ਦੀ ਚੋਖੀ ਜਾਣਕਾਰੀ ਹੈ ਅਤੇ ਮੁਹਾਰਤ ਹੋਣ ਕਰਕੇ ਅੱਜ ਦੇਸ਼ਾਂ ਵਿਦੇਸ਼ਾਂ ਦੇ ਕਈ ਸ਼ਾਇਰ ਸਮੇਂ-ਸਮੇਂ ਉਸ ਪਾਸੋਂ ਅਗਵਾਈ ਪ੍ਰਾਪਤ ਕਰਦੇ ਹਨ।ਉਹਨਾਂ ਦੀਆਂ ਗ਼ਜ਼ਲਾਂ ਕਿਤਾਬੀ ਨਹੀਂ ਜ਼ਿਹਨੀ ਹਨ।[1]

ਇਕਵਿੰਦਰ ਸਿੰਘ ਕੋਲ ਸਿਰਫ ਲਫਜ਼ਾਂ ਦਾ ਹੀ ਜ਼ਖੀਰਾ ਨਹੀ ਸਗੋਂ ਲਫਜ਼ਾਂ ਨੂੰ ਗ਼ਜ਼ਲ ਵਿੱਚ ਬਾਖੂਬੀ ਇਸਤੇਮਾਲ ਕਰਨ ਦਾ ਹੁਨਰ ਹੈ।ਛੋਟੀ ਉਮਰ ਤੋਂ ਹੀ ਉਹਨਾਂ ਨੇ ਗ਼ਜ਼ਲ ਰਚਨਾ ਵਿੱਚ ਕਦਮ ਰੱਖਿਆ ਅਤੇ ਕਦਮ ਦਰ ਕਦਮ ਅੱਗੇ ਵੱਧ ਕੇ ਅੱਜ ਉਸਤਾਦ ਗ਼ਜ਼ਲਗੋ ਵਜੋਂ ਆਪਣੀ ਪਹਿਚਾਣ ਬਣਾਉਣ ਵਿੱਚ ਸਫਲ ਹੋਏ ਹਨ। ਅਗਸਤ 1985 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਛਪੀ ਆਪਣੀ ਪੁਸਤਕ 'ਗ਼ਜ਼ਲ'ਜਨਮ ਤੇ ਵਿਕਾਸ' ਦੇ ਪੰਨਾ ਨੰਬਰ 394 ਉੱਪਰ ਉੱਘੇ ਪੱਤਰਕਾਰ ਤੇ ਨਾਮਵਰ ਗ਼ਜ਼ਲਕਾਰ ਡਾ: ਸਾਧੂ ਸਿੰਘ ਹਮਦਰਦ ਲਿਖਦੇ ਹਨ ਕਿ ਇਕਵਿੰਦਰ ਸਿੰਘ ਢੱਟ ਹੁਸ਼ਿਆਰਪੁਰ ਦੀ ਗ਼ਜ਼ਲਗੋ ਢਾਣੀ ਵਿੱਚੋਂ ਸਭ ਤੋਂ ਛੋਟੀ ਉਮਰ ਦਾ ਕਵੀ ਹੈ।

ਜ਼ਿੰਦਗੀ ਦੇ ਸੂਖਮ ਵਿਸ਼ਿਆਂ ਨੂੰ ਇਕਵਿੰਦਰ ਸਿੰਘ ਨੇ ਆਪਣੀ ਗ਼ਜ਼ਲ ਰਚਨਾ ਵਿੱਚ ਸਪੱਸ਼ਟ ਸ਼ਬਦਾਂ ਵਿੱਚ ਇਵੇਂ ਪੇਸ਼ ਕੀਤਾ ਹੈ ਕਿ ਉਸਦੇ ਸ਼ਿਅਰ ਸਹਿਜੇ ਹੀ ਪਾਠਕਾਂ ਦੀ ਜੁਬਾਨੀ ਚੜ੍ਹ ਜਾਂਦੇ ਹਨ।

**ਵਤਨ ਵਿੱਚ ਰਹਿੰਦਿਆਂ ਹੋਇਆ ਇਹ ਅਨੁਭਵ ਹੋ ਨਹੀ ਸਕਦਾ,**
**ਵਤਨ ਤੋਂ ਦੂਰ ਜਾ ਕੇ ਦੇਖਣਾ ਟੁੱਟਦਾ ਜਿਹਾ ਕੀ ਹੈ?**[2]

ਉਪਰੋਕਤ ਸ਼ਿਅਰ ਵਿੱਚ ਉਸ ਨੇ ਪਰਵਾਸ ਦੇ ਦਰਦ ਨੂੰ ਪੇਸ਼ ਕੀਤਾ ਹੈ ਅਤੇ ਇਸ ਸ਼ਿਅਰ ਨੂੰ ਪੜ੍ਹ ਕੇ ਸਧਾਰਨ ਮਨੁੱਖ ਵੀ ਸਹਿਜੇ ਹੀ ਸਮਝ ਸਕਦਾ ਹੈ ਕਿ ਪਰਵਾਸ ਦਾ ਦਰਦ ਬਿਗਾਨੀ ਧਰਤੀ ਤੇ ਜਾ ਕੇ ਜ਼ਿੰਦਗੀ ਬਿਤਾਉਣ ਵਾਲਾ ਹੀ ਸਮਝ ਸਕਦਾ ਹੈ।

ਇਸੇ ਪ੍ਰਕਾਰ ਅਜੋਕੇ ਸਮਾਜ ਵਿੱਚ ਵੱਧ ਰਹੇ ਆਰਥਿਕ ਪਾੜੇ ਬਾਰੇ ਉਹ ਕੁਝ ਇਸ ਤਰਾਂ ਲਿਖਦੇ ਹਨ:

**ਤੁਸੀ ਸੁੱਤੇ ਹੋ ਮਹਿਲਾਂ ਵਾਲਿਓ ! ਮੁਖਤਾਰੀਆਂ ਲੈ ਕੇ।**
**ਅਸੀਂ ਫਿਰਦੇ ਆ ਬਜਾਰਾਂ ਵਿੱਚ ਬੇਕਾਰੀਆਂ ਲੈ ਕੇ।**[3]

ਪੂੰਜੀਵਾਦ ਅਤੇ ਵਿਸ਼ਵਵਾਦ ਦੇ ਵੱਧਦੇ ਹੋਏ ਵਰਤਾਰੇ ਕਾਰਨ ਅੱਜ ਦਾ ਮਨੁੱਖ ਜ਼ਿਹਨੀ ਹਨੇਰੇ ਦਾ ਸ਼ਿਕਾਰ ਹੋ ਰਿਹਾ ਹੈ,ਇਸ ਨੂੰ ਇਕਵਿੰਦਰ ਸਿੰਘ ਨੇ ਕੁਝ ਇਸ ਤਰਾਂ ਦਰਸਾਇਆ ਹੈ:

**ਬੱਤੀਆਂ ਦਿਨੇ ਵੀ ਹੁਣ ਬਾਲਦੇ ਨੇ ਲੋਕ,**
**ਆਪਣੇ ਦਿਲਾਂ ਦਾ ਡਰ ਟਾਲਦੇ ਨੇ ਲੋਕ।**[4]

ਸਮੁੱਚੇ ਤੌਰ ਤੇ ਇਕਵਿੰਦਰ ਸਿੰਘ ਨੇ ਗ਼ਜ਼ਲ ਦੇ ਵਿਸ਼ੇ ਨੂੰ ਇਸਦੇ ਰਵਾਇਤੀ ਰੂਪ ਜੋ ਕਿ ਪਿਆਰ ਹੈ, ਇਸ ਦੇ ਵਿਸ਼ੇ ਦਾ ਘੇਰਾ ਵਿਸ਼ਾਲ ਕੀਤਾ ਹੈ ਅਤੇ ਜ਼ਿੰਦਗੀ ਦੇ ਹਰ ਸੂਖਮ ਵਿਸ਼ੇ ਜਿਸ ਵਿੱਚ ਪਿਆਰ, ਦਰਦ, ਤੜਪ, ਸਮਾਜਿਕ ਤੇ ਆਰਥਿਕ ਸਮਾਨਤਾਵਾਂ,ਪੂੰਜੀਵਾਦ ਤੇ ਵਿਸ਼ਵਾਸ਼ਵਾਦ ਕਾਰਨ ਪੈਦਾ ਹੋਣ ਵਾਲੇ ਮਾਨਸਿਕ ਦਵੰਦ ਆਦਿ ਬਹੁਤ ਸਾਰੇ ਵਿਸ਼ਿਆਂ ਨੂੰ ਅਧਾਰ ਬਣਾਇਆ ਹੈ।ਜਿਸ ਦੇ ਸਦਕਾ ਅੱਜ

'ਗ਼ਜ਼ਲ'ਆਧੁਨਿਕ ਪੰਜਾਬੀ ਸਾਹਿਤ ਦਾ ਅਨਮੋਲ ਖਜ਼ਾਨਾ ਬਣ ਰਹੀ ਹੈ।'ਗ਼ਜ਼ਲ' ਨੂੰ ਰਵਾਇਤੀ ਬੰਦਸ਼ਾਂ ਤੋ 'ਅਜ਼ਾਦ ਹੋਣ ਕਾਰਨ ਅੱਜ ਪਾਠਕਾਂ ਵਿੱਚ ਬਹੁਤ ਮਕਬੂਲ ਹੋ ਰਹੀ ਹੈ ਅਤੇ ਪੰਜਾਬੀ ਸਾਹਿਤ ਦੇ ਅਨਮੋਲ ਖਜ਼ਾਨੇ ਨੂੰ ਭਰਪੂਰ ਕਰ ਰਹੀ ਹੈ।ਜਿਸਦੇ ਸਦਕਾ ਇਹ ਅੱਜ ਦੀ ਪੀੜ੍ਹੀ ਲਈ ਚਾਨਣ ਮੁਨਾਰਾ ਬਣ ਰਹੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਇਕਵਿੰਦਰ ਸਿੰਘ ,ਜ਼ੁਬਾਨ ਫੁੱਲਾਂ ਦੀ,ਪੰਨਾ 8
2. ਇਕਵਿੰਦਰ ਸਿੰਘ,ਜ਼ਿੰਦਗੀ ਦੇ ਪੈਲ ਪਾਈ,ਪੰਨਾ 19
3. ਇਕਵਿੰਦਰ ਸਿੰਘ,ਜ਼ਿੰਦਗੀ ਦੇ ਪੈਲ ਪਾਈ, ਪੰਨਾ 20
4. ਇਕਵਿੰਦਰ ਸਿੰਘ,ਪਾਣੀ ਮੈਲਾ ਮਿੱਟੀ ਗੋਰੀ,ਪੰਨਾ 83

**ਸਹਾਇਕ ਪੁਸਤਕ ਸੂਚੀ**

1. ਸਾਧੂ ਸਿੰਘ ਹਮਦਰਦ,ਗਜ਼ਲ ਜਨਮ ਤੇ ਵਿਕਾਸ,ਗੁਰੂ ਨਾਨਕ ਦੇਵ ਯੂਨੀਵਰਸਿਟੀ ਪ੍ਰੈੱਸ,ਅੰਮ੍ਰਿਤਸਰ,1985
2. ਇਕਵਿੰਦਰ ਸਿੰਘ ,ਜ਼ੁਬਾਨ ਫੁੱਲਾਂ ਦੀ ,ਪੰਜ ਆਬ ਪ੍ਰਕਾਸ਼ਨ,ਜਲੰਧਰ 2019
3. ਇਕਵਿੰਦਰ ਸਿੰਘ,ਜ਼ਿੰਦਗੀ ਨੇ ਪੈਲ ਪਾਈ ,ਪੰਜ ਆਬ ਪ੍ਰਕਾਸ਼ਨ,ਜਲੰਧਰ 2019
4. ਇਕਵਿੰਦਰ ਸਿੰਘ,ਪਾਣੀ ਮੈਲਾ ਮਿੱਟੀ ਗੋਰੀ,ਲੋਕ ਮੰਚ ਪ੍ਰਕਾਸ਼ਨ,ਪੁਰ ਹੀਰਾਂ.ਹੁਸ਼ਿਆਰਪੁਰ.1992
5. ਹਰਮੀਤ ਸਿੰਘ ਅਟਵਾਲ,ਅਦੀਬ ਸਮੁੰਦਰੋਂ ਪਾਰ ਦੇ,ਐਵਿਸ਼ ਪਬਲੀਕੇਸ਼ਨ ,ਦਿੱਲੀ
6. ਅੰਬ ਦੁਸਹਿਰੀ ਚੂਪਣ ਆਇਓ,ਲੋਕ ਗੀਤ ਪ੍ਰਕਾਸ਼ਨ,ਚੰਡੀਗੜ੍ਹ,2008